ਜਗ ਬਾਣੀ
SATURDAY, 12 FEBRUARY 2022

# ਨੌਜਵਾਨ ਹਨ ਰਾਸ਼ਟਰ ਦੀ ਅਸਲੀ ਵਿਰਾਸਤ

ਅਜਿਹੀ ਉੱਚ ਕੋਟੀ ਦੀ ਵਿਚਾਰਧਾਰਾ ਦੇ ਮਾਲਕ ਕੋਈ ਹੋਰ ਨਹੀਂ ਸਗੋਂ ਭਾਰਤੀ ਸੱਭਿਆਚਾਰ ਤੇ ਸੰਸਕਾਰਾਂ ਦੀ ਪ੍ਰਤੀਮੂਰਤੀ ਸਵ. ਵਿਵੇਕਾਨੰਦ ਜੀ ਹਨ। ਸਵਾਮੀ ਜੀ ਉਹ ਯੁੱਗ ਪੁਰਸ਼ ਹਨ ਜਿਨ੍ਹਾਂ ਨੇ ਪੂਰੇ ਵਿਸ਼ਵ ਦੇ ਨੌਜਵਾਨਾਂ ਦੀ ਯੁਵਾ ਸ਼ਕਤੀ ਨੂੰ ਹਮੇਸ਼ਾ ਸੱਚਾਈ ਅਤੇ ਈਮਾਨਦਾਰੀ ਵੱਲ ਪ੍ਰੇਰਿਤ ਕੀਤਾ। ਅਜਿਹੇ ਯੁੱਗ ਪੁਰਸ਼ ਦਾ ਜਨਮ ਸੰਸਾਰ ਦੀ ਭਲਾਈ ਲਈ ਹੀ ਹੁੰਦਾ ਹੈ। ਸਹੀ ਅਰਥਾਂ 'ਚ ਸਵਾਮੀ ਦੀ ਭਾਰਤ ਦੀ ਉਹ ਵਿਰਾਸਤ ਸਨ ਜਿਸ ਨੇ ਆਪਣੇ ਉੱਚੇ ਆਦਰਸ਼ਾਂ ਨਾਲ ਹਮੇਸ਼ਾ ਦੁਨੀਆ ਦੇ ਨੌਜਵਾਨਾਂ ਦੀ ਅਗਵਾਈ ਕਰ ਕੇ ਉਨ੍ਹਾਂ ਨੂੰ ਉੱਚ ਆਦਰਸ਼ਾਂ ਅਤੇ ਸੰਸਕਾਰਾਂ ਦਾ ਪਾਠ ਪੜ੍ਹਾਇਆ।

ਨੌਜਵਾਨਾਂ ਦਾ ਉਤਸ਼ਾਹ ਵਧਾਉਣ ਲਈ ਭਾਰਤ ਸਰਕਾਰ ਨੇ ਸੰਨ 1984 'ਚ ਇਹ ਐਲਾਨ ਕੀਤਾ ਕਿ ਹਰ ਸਾਲ 12 ਜਨਵਰੀ ਨੂੰ ਰਾਸ਼ਟਰੀ ਯੁਵਾ ਦਿਵਸ ਦੇ ਰੂਪ 'ਚ ਮਨਾਇਆ ਜਾਵੇ। ਸਵਾਮੀ ਜੀ ਦਾ ਮੰਨਣਾ ਸੀ ਕਿ ਨੌਜਵਾਨ ਹੀ ਦੇਸ਼ ਦੀ ਉਹ ਊਰਜਾ ਹੈ, ਜੋ ਪੂਰੀ ਦੁਨੀਆ 'ਚ ਪ੍ਰਕਾਸ਼ਿਤ ਹੋ ਕੇ ਆਪਣੇ ਦੇਸ਼ ਦੀ ਪਛਾਣ ਕਰਵਾਉਂਦੀ ਹੈ।

ਇਸ ਦੀ ਸਟੀਕ ਉਦਾਹਰਣ ਖੁਦ ਸਵਾਮੀ ਵਿਵੇਕਾਨੰਦ ਜੀ ਹਨ, ਜਿਨ੍ਹਾਂ ਨੇ 11 ਸਤੰਬਰ, 1893 ਈ. 'ਚ ਅਮਰੀਕਾ ਦੇ ਸ਼ਿਕਾਗੋ 'ਚ ਹੋ ਰਹੇ ਕੌਮਾਂਤਰੀ ਧਰਮ ਸੰਮੇਲਨ 'ਚ ਆਪਣੇ ਦੇਸ਼ ਦੀ ਪ੍ਰਤੀਨਿਧਤਾ ਕਰਦੇ ਹੋਏ, ਰਾਸ਼ਟਰ ਦੇ ਸੱਭਿਆਚਾਰ ਅਤੇ ਸੱਭਿਅਤਾ ਦਾ ਜੋ ਸਬੂਤ ਦਿੱਤਾ ਉਹ ਸਾਰਿਆਂ ਲਈ ਥੋੜ੍ਹਚਿਰੀ ਅਚਿੰਤਨੀ ਅਤੇ ਸਰਵਸ੍ਰੇਸ਼ਠ ਸੀ। ਭਾਰਤ ਦੇ ਇਤਿਹਾਸ 'ਚ ਇਹ ਦਿਨ ਬੜੇ ਮਾਣ ਅਤੇ ਸਨਮਾਨ ਦੀ ਘਟਨਾ ਦੇ ਤੌਰ 'ਤੇ ਦਰਜ ਹੋ ਗਿਆ। ਸਵਾਮੀ ਜੀ ਖੁਦ ਅਜਿਹੇ ਨੌਜਵਾਨ ਸਨ ਜਿਨ੍ਹਾਂ ਨੇ ਹਮੇਸ਼ਾ ਹੀ ਨੌਜਵਾਨਾਂ ਨੂੰ ਰਾਸ਼ਟਰ ਭਗਤੀ ਵੱਲ, ਰਾਸ਼ਟਰ ਸੱਭਿਆਚਾਰ ਵੱਲ ਅਤੇ ਆਪਣੀ ਸੱਭਿਅਤਾ ਵੱਲ ਪ੍ਰੇਰਿਤ ਕੀਤਾ ਹੈ। ਸਵਾਮੀ ਜੀ ਆਪਣੇ ਰਾਸ਼ਟਰ 'ਚ ਹਰੇਕ ਨੌਜਵਾਨ ਨੂੰ ਚਰਿੱਤਰੀ ਕਦਰਾਂ-ਕੀਮਤਾਂ ਨਾਲ ਭਰਪੂਰ ਤੇ ਉੱਚ ਕੋਟੀ ਦੀਆਂ ਨੈਤਿਕ ਕਦਰਾਂ-ਕੀਮਤਾਂ ਨਾਲ ਮਾਲਾਮਾਲ ਦੇਖਣਾ ਚਾਹੁੰਦੇ ਸਨ। ਵਿਵੇਕਾਨੰਦ ਜੀ ਦਾ ਚਿੰਤਨ ਸੀ ਕਿ ਨੌਜਵਾਨ ਸਾਦਗੀ, ਪ੍ਰੇਮ, ਦਯਾ, ਨਿਮਰਤਾ, ਸੱਚ, ਤਿਆਗ, ਹਿੰਸਾ ਤੇ ਪੁਰਸ਼ਾਰਥ ਦਾ ਉਹ ਰੂਪ ਹੈ ਜੋ ਪੂਰੇ ਵਿਸ਼ਵ 'ਚ 'ਵਸੁਧੈਵ ਕੁਟੁੰਬਕਮ' ਦੀ ਭਾਵਨਾ ਪੈਦਾ ਕਰ ਸਕਦਾ ਹੈ।

ਸਵਾਮੀ ਜੀ ਦਾ ਚਿੰਤਨ ਸੀ ਕਿ 'ਉਠੋ, ਜਾਗੋ ਅਤੇ ਉਦੋਂ ਤੱਕ ਨਾ ਰੁਕੋ ਜਦੋਂ ਤੱਕ ਟੀਚੇ ਦੀ ਪ੍ਰਾਪਤੀ ਨਾ ਹੋਵੇ' ਪਰ ਦੁੱਖ ਇਹ ਹੈ ਕਿ ਉਸ ਮਹਾਨ ਦਾਰਸ਼ਨਿਕ, ਉੱਚ ਆਦਰਸ਼ ਦੀ ਖਾਨ, ਸੰਤ ਪਰੰਪਰਾ ਦੇ ਸੰਚਾਲਕ ਯੁੱਗ ਪੁਰਸ਼



ਪ੍ਰਿੰ. ਡਾ. ਮੋਹਨ ਲਾਲ ਸ਼ਰਮਾ

ਦੇ ਚਿੰਤਨ ਨੂੰ ਅੱਜ ਦੇ ਨੌਜਵਾਨ ਧੁੰਦਲਾ ਕਰਦੇ ਜਾ ਰਹੇ ਹਨ। ਨੌਜਵਾਨ ਅੱਜ ਪੱਛਮ ਦੇ ਸੱਭਿਆਚਾਰ ਦੇ ਹਨੇਰੇ 'ਚ ਡੁੱਬਦਾ ਜਾ ਰਿਹਾ ਹੈ। ਨਿਰਾਸ਼ਾ, ਭ੍ਰਿਸ਼ਟਾਚਾਰ ਅਤੇ ਚਰਿੱਤਰਹੀਣਤਾ ਵਰਗੇ ਕੁਰਾਹੇ 'ਤੇ ਚੱਲ ਕੇ ਆਪਣੇ ਆਪ ਨੂੰ ਖਤਮ ਕਰਦਾ ਜਾ ਰਿਹਾ ਹੈ ਅਤੇ ਮੌਜੂਦਾ ਸਮੇਂ 'ਚ ਨੌਜਵਾਨ ਰਾਸ਼ਟਰ ਰਾਖੇ ਦੀ ਥਾਂ 'ਤੇ ਰਾਸ਼ਟਰ ਨੂੰ ਖਾ ਜਾਣ ਵਾਲਾ ਬਣਦਾ ਨਜ਼ਰ ਆ ਰਿਹਾ ਹੈ।

ਵਿਵੇਕਾਨੰਦ ਜੀ ਦੇ ਵਿਚਾਰਾਂ ਅਤੇ ਸਿਧਾਂਤਾਂ ਤੋਂ ਕੋਹਾਂ ਦੂਰ ਜਾ ਚੁੱਕਾ ਹੈ। ਅਜਿਹੇ 'ਚ ਸਾਰੀਆਂ ਸਿੱਖਿਆ ਸੰਸਥਾਵਾਂ, ਵੱਡੇ ਬਜ਼ੁਰਗਾਂ ਅਤੇ ਮਾਪਿਆਂ ਵਲੋਂ ਆਪਣੇ ਰਾਸ਼ਟਰ ਪ੍ਰਤੀ ਮਹੱਤਵਪੂਰਨ ਭੂਮਿਕਾ ਨਿਭਾਉਣ ਦਾ ਸਮਾਂ ਆ ਗਿਆ ਹੈ।

ਰਾਸ਼ਟਰ ਦੇ ਨੌਜਵਾਨਾਂ ਨੂੰ ਜਾਗ੍ਰਿਤ ਕਰ ਕੇ ਉਨ੍ਹਾਂ ਨੂੰ ਰਾਸ਼ਟਰ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਤੋਂ ਜਾਣੂ ਕਰਵਾ ਕੇ ਰਾਸ਼ਟਰ ਦੇ ਭਵਿੱਖ ਨੂੰ ਸੁਰੱਖਿਅਤ ਬਣਾਓ, ਨਾਲ ਹੀ ਅੱਜ ਦੇ ਨੌਜਵਾਨਾਂ ਨੂੰ ਖੁਦ ਜਾਗਰੂਕ ਹੋਣ ਦੀ ਲੋੜ ਹੈ। ਵਿਵੇਕਾਨੰਦ ਜੀ ਨੂੰ ਆਪਣਾ ਪ੍ਰੇਰਨਾਸਰੋਤ ਮੰਨ ਕੇ ਉਨ੍ਹਾਂ ਦੇ ਆਦਰਸ਼ਾਂ ਅਤੇ ਵਿਚਾਰਾਂ ਨੂੰ ਆਪਣੀ ਜ਼ਿੰਦਗੀ 'ਚ ਉਤਾਰੋ ਕਿਉਂਕਿ ਇਸ ਨੌਜਵਾਨ ਸੰਨਿਆਸੀ ਦੇ ਉੱਚ ਆਦਰਸ਼, ਵਿਚਾਰ ਹੀ ਸਾਡੇ ਰਾਸ਼ਟਰ ਦੇ ਸੱਭਿਆਚਾਰ ਅਤੇ ਸੱਭਿਅਤਾ ਨੂੰ ਬਚਾ ਸਕਦੇ ਹਨ।



ਅੱਜ ਦੇ ਨੌਜਵਾਨ ਖੁਦ ਆਤਮਮੰਥਨ ਕਰਨ ਅਤੇ ਆਪਣੇ ਰਾਸ਼ਟਰ ਪ੍ਰਤੀ ਸਮਰਪਿਤ ਹੋ ਜਾਣ, ਕਿਸੇ ਵੀ ਰਾਸ਼ਟਰ ਦੀ ਯੁਵਾ ਸ਼ਕਤੀ ਉਸ ਰਾਸ਼ਟਰ ਦੇ ਵਰਤਮਾਨ ਦਾ ਨਿਰਮਾਣ ਕਰਦੀ ਹੈ ਅਤੇ ਭਵਿੱਖ ਲਈ ਇਕ ਸੁਖਾਵਾਂ ਰਾਹ ਤਿਆਰ ਕਰਦੀ ਹੈ। ਨੌਜਵਾਨ ਪੀੜ੍ਹੀ ਨੂੰ ਆਪਣੇ ਰਾਸ਼ਟਰ ਨਿਰਮਾਣ ਦੀ ਜ਼ਿੰਮੇਵਾਰੀ 'ਚ ਇਕ ਅਹਿਮ ਭੂਮਿਕਾ ਨਿਭਾਉਣੀ ਚਾਹੀਦੀ ਹੈ, ਅਸੀਂ ਸਿਰਫ ਸਿਆਸੀ ਆਗੂਆਂ ਜਾਂ ਨੀਤੀ ਘਾੜਿਆਂ 'ਤੇ ਹੀ ਨਿਰਭਰ ਨਾ ਰਹੀਏ ਸਗੋਂ ਖੁਦ ਰਾਸ਼ਟਰ ਦੇ ਸਰਵਮੁਖੀ ਵਿਕਾਸ ਲਈ ਹਮੇਸ਼ਾ ਤੱਤਪਰ ਰਹੀਏ।

ਸ਼ਾਸਨ ਅਤੇ ਸਮਾਜ ਨਾਲ ਮਿਲ ਕੇ ਕੰਮ ਕਰਨ ਵਾਲਾ ਨੌਜਵਾਨ ਰਾਸ਼ਟਰ ਦਾ ਵਰਤਮਾਨ ਅਤੇ ਭਵਿੱਖ ਦੋਵਾਂ ਦਾ ਹੀ ਨਿਰਮਾਣ ਕਰਦਾ ਹੈ। ਆਉਣ ਵਾਲੀ ਪੀੜ੍ਹੀ ਦੀ ਕਿਸਮਤ ਦਾ ਫੈਸਲਾ ਇਨ੍ਹਾਂ ਹੀ ਨੌਜਵਾਨਾਂ ਦੇ ਹੱਥਾਂ 'ਚ ਹੁੰਦਾ ਹੈ, ਇਸ ਲਈ ਇਹ ਬੜਾ ਜ਼ਰੂਰੀ ਹੈ ਕਿ ਨੌਜਵਾਨਾਂ ਨੂੰ ਆਪਣੇ ਰਾਸ਼ਟਰ ਪ੍ਰਤੀ ਹਾਂਪੱਖੀ ਸੋਚ ਰੱਖ ਕੇ ਅੱਗੇ ਆਉਣਾ ਚਾਹੀਦਾ ਹੈ ਅਤੇ ਸੁਤੰਤਰ ਤੌਰ 'ਤੇ ਆਪਣੇ ਰਾਸ਼ਟਰ ਪ੍ਰਤੀ ਸਮਰਪਿਤ ਹੋ ਜਾਣਾ ਚਾਹੀਦਾ ਹੈ, ਜਿਸ ਨਾਲ ਵਿਸ਼ਵ ਭਰ 'ਚ ਸਾਡੇ ਸੱਭਿਆਚਾਰ, ਸੱਭਿਅਤਾ ਅਤੇ ਉੱਚ ਆਦਰਸ਼ਾਂ ਦਾ ਝੰਡਾ ਲਹਿਰਾਏ ਅਤੇ ਸਾਡਾ ਰਾਸ਼ਟਰ ਮੁੜ ਤੋਂ ਵਿਸ਼ਵ ਗੁਰੂ ਬਣਨ ਦਾ ਮੌਕਾ ਹਾਸਲ ਕਰ ਸਕੇ।

drmlsharma5@gmail.com

ਜਗ ਬਾਣੀ JAGBANI
Vol 2 Issue 349 Ludhiana, R.N.I. registration number AF
Jalandhr Head office :0181- 2280104/7,5067200/1.
Toll Free No. : 18001371800
Fax : 0181-2280111/114, 5063750, 5030036
Advt. : 0181-5067263, 5067253
advt@punjabkesari.in,news@thepunjabkesari.com
Circulation : 98151-65655, 0181-5067251
Ludhiana Office : 0161- 5092200, 5092202, 5092203, 5092204.
Fax Ludhiana : 0161-5092201/2.
Published & Printed for the Proprietor The Hind Samachar Limited, Civil Lines, Jalandhar, by Mr. R.S. Jolly Printed by Jagat Vijay Printers, B-71, Phase-VIII, Industrial Focal Point, Ludhiana and Published form 26-A, Sarabha Nagar, Ludhiana. Editor : Mr. R.S. Jolly
* (Editor responsible for selection of news under P.R.B. Act.)